7) ਅਦਾਲਤੀ ਕੇਸਾਂ ਵਿਚ ਅਗਲੀ ਪੇਸ਼ੀ ਦੀ ਮਿਤੀ ਸਬੰਧੀ ਜੋ ਸੂਚਨਾ ਹੇਠਲੇ ਦਫਤਰਾਂ ਤੋਂ ਪ੍ਰਾਪਤ ਹੋਵੇਗੀ ਉਹ ਵਣ ਪਾਲ (ਵਣ ਸੁਰੱਖਿਆ) ਜਾਂ ਡਿਪਟੀ ਡਾਇਰੈਕਟਰ (ਅ-ਵ-ਲ) ਜਿਸ ਦੀ ਬ੍ਰਾਂਚ ਨਾਲ ਸਬੰਧਤ ਹੋਣਗੇ, ਆਪਣੀ ਪੱਧਰ ਤੇ ਨਜਿੱਠੇ ਜਾਣਗੇ। ਜਿਵੇਂ ਕਿ ਪਹਿਲਾਂ ਹੀ ਲਿਖਿਆ ਗਿਆ ਹੈ ਕਿ ਹਾਈਕੋਰਟ ਅਤੇ ਸੁਪਰੀਮ ਕੋਰਟ ਨਾਲ ਸਬੰਧਤ ਕੇਸਾਂ ਦਾ ਸਾਰਾ ਪੱਤਰ ਵਿਹਾਰ ਪ੍ਰਧਾਨ ਮੁੱਖ ਵਣ ਪਾਲ, ਪੰਜਾਬ ਦੀ ਪੱਧਰ ਤੇ ਹੀ ਨਜਿੱਠਿਆ ਜਾਵੇਗਾ।

8) ਲੇਬਰ ਕੋਰਟ ਕੇਸਾਂ ਨਾਲ ਸਬੰਧਤ ਸਾਰਾ ਪੱਤਰ ਵਿਹਾਰ ਸਿਵਾਏ ਉਹਨਾਂ ਕੇਸਾਂ ਦੇ ਜਿਹਨਾਂ ਦਾ ਜਿਕਰ ਲੜੀ ਨੰਬਰ 7 ਵਿਚ ਕੀਤਾ ਗਿਆ ਹੈ, ਵਧੀਕ ਪ੍ਰਧਾਨ ਮੁੱਖ ਵਣ ਪਾਲ (ਪ੍ਰਸ਼ਾਸ਼ਨ) ਜੀ ਦੀ ਪੱਧਰ ਤੇ ਨਜਿੱਠਿਆ ਜਾਵੇਗਾ।

9) ਗਰੁੱਪ-ਸੀ ਦੇ ਕਰਮਚਾਰੀਆਂ ਦੀ (ਸਿਵਾਏ ਵਣ ਰੇਂਜਰ) ਤਰੱਕੀ ਦੇ ਕੇਸਾਂ ਵਿਚ, ਜਿੱਥੇ ਵਿਭਾਗੀ ਤਰੱਕੀ ਕਮੇਟੀ ਦੀਆਂ ਸਿਫਾਰਸ਼ਾਂ ਪ੍ਰਾਪਤ ਹੋਈਆਂ ਹੋਣਗੀਆਂ, ਅੰਤਮ ਫੈਸਲਾ ਵਧੀਕ ਪ੍ਰਧਾਨ ਮੁੱਖ ਵਣ ਪਾਲ (ਪ੍ਰਸ਼ਾਸ਼ਨ) ਦੀ ਪੱਧਰ ਤੇ ਕੀਤਾ ਜਾਵੇਗਾ ਅਤੇ ਗਰੁੱਪ-ਡੀ ਦੇ ਕੇਸਾਂ ਵਿਚ ਦਫਤਰ ਦੇ ਮੁੱਖੀ ਦੀ ਪੱਧਰ ਤੇ ਅੰਤਿਮ ਫੈਸਲਾ ਕੀਤਾ ਜਾਵੇਗਾ।

10) ਤਰਸਯੋਗ ਆਧਾਰ ਤੇ ਨਿਯੁਕਤੀਆਂ ਦੇ ਸਾਰੇ ਕੇਸਾਂ (ਜਿਥੇ ਨਿਯੁਕਤੀ ਅਧਿਕਾਰੀ ਮੁੱਖ ਵਣ ਪਾਲ ਜਾਂ ਉਸ ਤੋਂ ਹੇਠਲੇ ਰੈਂਕ ਦਾ ਅਧਿਕਾਰੀ ਹੋਵੇ) ਬਾਰੇ ਅੰਤਮ ਫੈਸਲਾ ਵਧੀਕ ਪ੍ਰਧਾਨ ਮੁੱਖ ਵਣ ਪਾਲ (ਪ੍ਰਸ਼ਾਸ਼ਨ) ਦੀ ਪੱਧਰ ਤੇ ਕੀਤਾ ਜਾਵੇਗਾ।

11) ਸਟੇਟ ਕੰਪੀਟੈਂਟ ਅਥਾਰਟੀ -ਕਮ-ਸਾਈਟ ਅਪਰੇਜ਼ਲ ਕਮੇਟੀ ਵੱਲੋਂ ਪ੍ਰਾਪਤ ਹੋਈ ਤਜਵੀਜ ਤੇ ਟਿੱਪਣੀ ਜਾਂ ਰਿਪੋਟਾਂ ਵਧੀਕ ਪ੍ਰਧਾਨ ਮੁੱਖ ਵਣ ਪਾਲ (ਪ੍ਰਸ਼ਾਸ਼ਨ) ਜੀ ਦੀ ਪੱਧਰ ਤੇ ਨਜਿੱਠੀਆਂ ਜਾਣਗੀਆਂ।

12) ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਤਹਿਤ ਜਾਰੀ ਕੀਤੇ ਗਏ ਪੱਤਰ ਉੱਚ ਅਧਿਕਾਰੀਆਂ ਨੂੰ ਦੁਬਾਰਾ ਵਿਖਾਉਣ ਵਾਸਤੇ ਪੁੱਟ-ਅੱਪ ਕਰਨ ਦੀ ਲੋੜ ਨਹੀਂ ਹੋਵੇਗੀ। ਫਿਰ ਵੀ ਜੇਕਰ ਕੋਈ ਪੱਤਰ ਜੁਬਾਨੀ ਹੁਕਮਾਂ ਅਨੁਸਾਰ ਜਾਰੀ ਕੀਤਾ ਗਿਆ ਹੋਵੇਗਾ, ਉਹ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਅਤੇ ਉਹਨਾਂ ਦੇ ਵੇਖਣ ਲਈ ਪੁੱਟ-ਅੱਪ ਕੀਤਾ ਜਾਵੇਗਾ।

13) ਪ੍ਰਧਾਨ ਮੁੱਖ ਵਣ ਪਾਲ, ਪੰਜਾਬ ਦੀ ਗੈਰਹਾਜਰੀ ਵਿਚ ਜਰੂਰੀ ਪੱਤਰ ਵਧੀਕ ਪ੍ਰਧਾਨ ਮੁੱਖ ਵਣ ਪਾਲ (ਪ੍ਰਸ਼ਾਸ਼ਨ) ਵੱਲੋਂ ਜਾਰੀ ਕੀਤੇ ਜਾਣਗੇ, ਭਾਵੇਂ ਉਹਨਾਂ ਲਈ ਪ੍ਰਧਾਨ ਮੁੱਖ ਵਣ ਪਾਲ, ਪੰਜਾਬ ਦੀ ਪ੍ਰਵਾਨਗੀ ਦੀ ਲੋੜ ਹੋਵੇ। ਪ੍ਰੰਤੂ ਇਹ ਪੱਤਰ ਪ੍ਰਧਾਨ ਮੁੱਖ ਵਣ ਪਾਲ, ਪੰਜਾਬ ਦੇ ਵਾਪਸ ਦਫਤਰ ਆਉਣ ਉਪਰੰਤ ਉਹਨਾਂ ਨੂੰ ਤੁਰੰਤ ਦਿਖਾਏ/ਪ੍ਰਵਾਨ ਕਰਵਾਏ ਜਾਣਗੇ।

14) ਆਡਿਟ ਪੈਰ੍ਹਿਆਂ ਦੀ ਡਿਸਪੋਜਲ ਸਬੰਧੀ ਰੁਟੀਨ ਦੀ ਡਾਕ ਡਿਪਟੀ ਡਾਇਰੈਕਟਰ (ਅ-ਵ-ਲ)/ਵਣ ਪਾਲ (ਪੀ.ਪੀ.ਪੀ.) ਵੱਲੋਂ ਸਹੀ ਕੀਤੀ ਜਾਵੇਗੀ। ਮੈਡੀਕਲ ਰੀਇੰਨਬਰਸਮੈਂਟ ਦੇ ਕੇਸਾਂ ਵਿਚ ਡਾਇਰੈਕਟਰ ਹੈਲਥ ਨੂੰ ਵੈਰੀਫਿਕੇਸ਼ਨ ਲਈ ਭੇਜੇ ਜਾਣ ਵਾਲੇ ਕਲੇਮ ਅਤੇ ਪ੍ਰਧਾਨ ਮੁੱਖ ਵਣ ਪਾਲ ਜਾਂ ਸਰਕਾਰ ਵੱਲੋਂ ਪ੍ਰਾਪਤ ਹੋਈਆਂ ਮੈਡੀਕਲ ਬਿਲਾਂ ਦੀਆਂ ਪ੍ਰਵਾਨਗੀਆਂ, ਡਿਪਟੀ ਡਾਇਰੈਕਟਰ (ਅ-ਵ-ਲ) ਦੇ ਹਸਤਾਖਰਾਂ ਹੇਠ ਜਾਰੀ ਕੀਤੀਆਂ ਜਾਣਗੀਆਂ।

15) ਪ੍ਰਧਾਨ ਮੁੱਖ ਵਣ ਪਾਲ, ਪੰਜਾਬ ਦੇ ਦਫਤਰ ਵਿਚ ਗਰੁੱਪ-ਸੀ ਅਤੇ ਗਰੁੱਪ-ਡੀ ਦੇ ਕਰਮਚਾਰੀਆਂ ਨੂੰ ਛੁੱਟੀ ਦੇਣ ਅਤੇ ਉਹਨਾਂ ਦੀ ਰੁਟੀਨ ਇੰਨਕਰੀਮੈਂਟ ਦੇਣ ਦਾ ਅਧਿਕਾਰ ਦਫਤਰ ਦੇ ਮੁੱਖੀ ਨੂੰ ਹੋਵੇਗਾ।

16) ਸਾਰੀਆਂ ਬ੍ਰਾਂਚਾਂ ਰੀਮਾਈਂਡਰ ਰਜਿਸਟਰ ਮੇਨਟੇਨ ਕਰਨਗੀਆਂ ਅਤੇ ਹਰ 15 ਦਿਨਾ ਬਾਅਦ ਯਾਦ ਪੱਤਰ ਜਾਰੀ ਕੀਤਾ ਜਾਵੇਗਾ ਜੋ ਕਿ ਹੇਠ ਲਿਖੇ ਅਨੁਸਾਰ ਹੋਵੇਗਾ:-

1- ਪਹਿਲਾ ਯਾਦ ਪੱਤਰ - ਸਧਾਰਨ ਪੱਤਰ

2- ਦੂਸਰਾ ਯਾਦ ਪੱਤਰ - ਅਧਿਕਾਰੀ ਦੇ ਨਾਂ ਤੇ ਪੱਤਰ

3- ਤੀਸਰਾ ਯਾਦ ਪੱਤਰ - ਅੱਧ ਸਰਕਾਰੀ ਪੱਤਰ

ਜਦੋਂ ਇਹਨਾਂ ਤਿੰਨਾਂ ਯਾਦ ਪੱਤਰਾਂ ਦੇ ਬਾਵਜੂਦ ਵੀ ਕੋਈ ਸੂਚਨਾ ਪ੍ਰਾਪਤ ਨਹੀਂ ਹੁੰਦੀ ਤਾਂ ਬ੍ਰਾਂਚ ਇੰਚਾਰਜ ਵੱਲੋਂ ਮਾਮਲਾ ਉੱਚ ਅਧਿਕਾਰੀਆਂ ਦੇ ਧਿਆਨ ਵਿੱਚ ਲਿਆਂਦਾ ਜਾਵੇਗਾ।

17) ਡਿਪਟੀ ਡਾਇਰੈਕਟਰ (ਅ-ਵ-ਲ) ਪਹਿਲਾਂ ਦੀ ਤੁਰਾਂ ਪ੍ਰਧਾਨ ਮੁੱਖ ਵਣ ਪਾਲ, ਪੰਜਾਬ ਦਫਤਰ ਲਈ ਬਤੌਰ ਦਫਤਰ ਦੇ ਮੁੱਖੀ ਵਜੋਂ ਕੰਮ ਕਰਨਗੇ।

18) ਸਾਰੇ ਡੀਲਿੰਗ ਹੈੱਡ ਦਫਤਰੀ ਨੋਟ ਵਿਚ ਇਹਨਾਂ ਹੁਕਮਾਂ ਅਨੁਸਾਰ ਲੈਵਲ ਮਾਰਕ ਕਰਨਗੇ, ਜਿਸ ਲੈਵਲ ਤੇ ਕੇਸ ਨਜਿੱਠਿਆ ਜਾਣਾ ਹੈ।

19) ਇਸ ਹੁਕਮ ਵਿੱਚ ਕੀਤੇ ਗਏ ਵਿਧਾਨਾਂ ਨੂੰ ਧਿਆਨ ਵਿਚ ਰੱਖਦੇ ਹੋਏ, ਬ੍ਰਾਂਚਾਂ ਤੋਂ ਪ੍ਰਾਪਤ ਹੋਈ ਡਾਕ ਦੀ ਚੈਨਲ ਆਫ ਮੂਵਮੈਂਟ ਹੇਠ ਲਿਖੇ ਅਨੁਸਾਰ ਹੋਵੇਗਾ।

| | | | |
|---|---|---|---|
| 1 | ਵਣ ਸੁਰੱਖਿਆ ਐਕਟ ਨਾਲ ਸਬੰਧਤ ਕੇਸਾਂ ਸਬੰਧੀ | : | ਵਣ ਪਾਲ (ਸੁਰੱਖਿਆ)ਤੋਂ ਨੋਡਲ ਅਫਸਰ ਤੋਂ ਵਧੀਕ ਪ੍ਰਧਾਨ ਮੁੱਖ ਵਣ ਪਾਲ (ਪ੍ਰਸ਼ਾਸ਼ਨ) |
| 2 | ਵਣ ਸ਼ਾਖਾ ਅਤੇ ਸਾਅ ਮਿੱਲ ਬ੍ਰਾਂਚ ਦੇ ਕੇਸਾਂ ਸਬੰਧੀ | : | ਵਣ ਪਾਲ (ਸੁਰੱਖਿਆ) ਤੋਂ ਵਧੀਕ ਪ੍ਰਧਾਨ ਮੁੱਖ ਵਣ ਪਾਲ (ਪ੍ਰਸਾਸਨ) |
| 3 | ਬਜਟ ਅਤੇ ਪਲੈਨਿੰਗ ਬ੍ਰਾਂਚ ਸਬੰਧੀ | : | ਪ੍ਰਬੰਧਕੀ ਅਫਸਰ ਤੋਂ ਡਿਪਟੀ ਡਾਇਰੈਕਟਰ (ਅ-ਵ-ਲ) ਤੋਂ ਵਣ ਪਾਲ (ਪੀ.ਪੀ.ਪੀ.) ਤੋਂ ਵਧੀਕ ਪ੍ਰਧਾਨ ਮੁੱਖ ਵਣ ਪਾਲ (ਪ੍ਰਸ਼ਾਸ਼ਨ) |
| 4 | ਸ਼ਿਕਾਇਤ ਬ੍ਰਾਂਚ ਸਬੰਧੀ | : | ਡਿਪਟੀ ਡਾਇਰੈਕਟਰ (ਅ-ਵ-ਲ) ਤੋਂ ਵਧੀਕ ਪ੍ਰਧਾਨ ਮੁੱਖ ਵਣ ਪਾਲ (ਪ੍ਰਸ਼ਾਸ਼ਨ) |
| 5 | ਅਮਲਾ ਸ਼ਾਖਾ ਸਬੰਧੀ | : | ਡਿਪਟੀ ਡਾਇਰੈਕਟਰ (ਅ-ਵ-ਲ) ਤੋਂ ਵਧੀਕ ਪ੍ਰਧਾਨ ਮੁੱਖ ਵਣ ਪਾਲ (ਪ੍ਰਸ਼ਾਸ਼ਨ) |
| 6 | ਲੇਖਾ ਅਤੇ ਸਟੋਰ, ਲਾਇਬਰੇਰੀ | : | ਡਿਪਟੀ ਡਾਇਰੈਕਟਰ (ਅ-ਵ-ਲ) ਤੋਂ ਵਣ ਪਾਲ (ਪੀ.ਪੀ.ਪੀ.) ਤੋਂ ਵਧੀਕ ਪ੍ਰਧਾਨ ਮੁੱਖ ਵਣ ਪਾਲ (ਪ੍ਰਸ਼ਾਸ਼ਨ) |
| 7 | ਜੀ.ਪੀ.ਐਫ. ਅਤੇ ਜੀ.ਆਈ.ਸੀ. ਬ੍ਰਾਂਚਾਂ ਸਬੰਧੀ | : | ਵਣ ਪਾਲ (ਪੀ.ਪੀ.ਪੀ.) ਤੋਂ ਪ੍ਰਧਾਨ ਮੁੱਖ ਵਣ ਪਾਲ, ਪੰਜਾਬ |
| 8 | ਰਾਈਟ ਟੂ ਇੰਨਫਰਮੇਸ਼ਨ ਬ੍ਰਾਂਚ ਸਬੰਧੀ | : | ਡਿਪਟੀ ਡਾਇਰੈਕਟਰ (ਅੰਕੜਾ) ਤੋਂ ਵਣ ਪਾਲ (ਪੀ.ਪੀ.ਪੀ.) ਤੋਂ ਵਧੀਕ ਪ੍ਰਧਾਨ ਮੁੱਖ ਵਣ ਪਾਲ (ਪ੍ਰਸ਼ਾਸ਼ਨ) |
| 9 | ਐਫ.ਐਮ.ਆਈ.ਐਸ. ਸਬੰਧੀ | : | ਖੋਜ ਅਫਸਰ ਤੋਂ ਮੁੱਖ ਵਣ ਪਾਲ (IT & E) ਤੋਂ ਵਧੀਕ ਪ੍ਰਧਾਨ ਮੁੱਖ ਵਣ ਪਾਲ (ਪ੍ਰਸ਼ਾਸ਼ਨ) |
| 10 | ਡਰਾਇੰਗ, ਅੰਕੜਾ ਅਤੇ ਰਾਇਲਟੀ ਬ੍ਰਾਂਚਾਂ ਸਬੰਧੀ | : | ਮੈਪ ਅਫਸਰ/ਡਿਪਟੀ ਡਾਇਰੈਕਟਰ (ਅੰਕੜਾ) ਤੋਂ ਵਣ ਪਾਲ (ਸੁਰੱਖਿਆ) ਤੋਂ ਵਧੀਕ ਪ੍ਰਧਾਨ ਮੁੱਖ ਵਣ ਪਾਲ (ਪ੍ਰਸ਼ਾਸ਼ਨ) |

ਇਹਨਾਂ ਹੁਕਮਾਂ ਨੂੰ ਸਮੇਂ ਸਮੇਂ ਸਿਰ ਰੀਵਿਊ ਕੀਤਾ ਜਾਵੇਗਾ।

Dmsl 4.9.08

(ਬੀ.ਸੀ.ਬਾਲਾ)
IFS
ਪ੍ਰਧਾਨ ਮੁੱਖ ਵਣ ਪਾਲ, ਪੰਜਾਬ,
ਚੰਡੀਗੜ੍ਹ।
ਮਿਤੀ [redacted]

ਪਿੱਠ ਅੰਕਣ ਨੰ: [redacted]

ਇਸ ਦੀ ਇਕ ਕਾਪੀ ਵਿੱਤੀ ਕਮਿਸ਼ਨਰ, ਵਣ ਅਤੇ ਸਕੱਤਰ, ਪੰਜਾਬ ਸਰਕਾਰ, ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ ਨੂੰ ਸੂਚਨਾਂ ਲਈ ਭੇਜੀ ਜਾਂਦੀ ਹੈ।

ਪ੍ਰਧਾਨ ਮੁੱਖ ਵਣ ਪਾਲ, ਪੰਜਾਬ,
ਚੰਡੀਗੜ੍ਹ।

ਪਿੱਠ ਅੰਕਣ ਨੰ: 3519-43
ਮਿਤੀ 10-9-08

ਇਸ ਦੀ ਇਕ ਕਾਪੀ ਹੇਠ ਲਿਖਿਆਂ ਨੂੰ ਇਹਨਾਂ ਸਟੈਂਡਿੰਗ ਆਰਡਰਾਂ ਦੀ ਪਾਲਣਾਂ ਹਿੱਤ ਭੇਜੀ ਜਾਂਦੀ ਹੈ:-

1- ਸਮੂਹ ਸਬੰਧਤ ਅਫਸਰ ਦਫ: ਪ੍ਰਧਾਨ ਮੁੱਖ ਵਣ ਪਾਲ, ਪੰਜਾਬ, ਚੰਡੀਗੜ੍ਹ।

2- ਬ੍ਰਾਂਚ ਇੰਚਾਰਜ ਦਫ: ਪ੍ਰਧਾਨ ਮੁੱਖ ਵਣ ਪਾਲ, ਪੰਜਾਬ, ਚੰਡੀਗੜ੍ਹ।

ਪ੍ਰਧਾਨ ਮੁੱਖ ਵਣ ਪਾਲ, ਪੰਜਾਬ,
ਚੰਡੀਗੜ੍ਹ।